# HDSB ਦੇ ਸਕੂਲ ਵਿੱਚ ਆਉਣਾ – ਐਲੀਮੈਂਟਰੀ ਵਾਲੇ ਮਾਪਿਆਂ /ਨਿਗਰਾਨਾਂ ਲਈ ਪ੍ਰੋਟੋਕੋਲ

**ਸਕੂਲ ਵਿੱਚ ਦਾਖਲ ਹੋਣ ਲਈ ਮਾਪਿਆਂ/ ਨਿਗਰਾਨਾਂ ਦੀਆਂ ਜ਼ਿੰਮੇਵਾਰੀਆਂ:**

1. ਸਕੂਲ ਵਿੱਚ ਦਾਖਲ ਹੋਣ ਲਈ ਜ਼ਰੂਰੀ ਹੈ ਕਿ ਤੁਸੀਂ:
    a. ਸਾਹ ਦੀ ਕਿਸੇ ਬਿਮਾਰੀ ਦੇ ਲੱਛਣਾਂ ਤੋਂ ਮੁਕਤ ਹੋਵੋ
    b. ਸਕੂਲ ਵਿੱਚ ਦਾਖਲ ਹੋਣ ਦੀ ਮਿਤੀ ਤੋਂ ਪਹਿਲੇ ੧੪ ਦਿਨਾਂ ਦੇ ਦੌਰਾਨ ਕੈਨੇਡਾ ਦੇ ਬਾਹਰ ਕੋਈ ਸਫਰ ਨਾ ਕੀਤਾ ਹੋਵੇ
    c. ਕੋਵਿਡ-੧੯ ਦੇ ਪੱਕੇ ਮਰੀਜ਼ ਜਾਂ ਕੋਵਿਡ-੧੯ ਵਰਗੇ ਲੱਛਣਾਂ (ਬੁਖਾਰ, ਨਵੀਂ ਖੰਘ, ਸਾਹ ਲੈਣ ਵਿੱਚ ਤਕਲੀਫ) ਵਾਲੇ ਕਿਸੇ ਵਿਅਕਤੀ ਦੀ ਦੇਖਭਾਲ ਨਾ ਕੀਤੀ ਹੋਵੇ ਅਤੇ ਨਾ ਹੀ ਉਹਨਾਂ ਨਾਲ ਜਾਣਦੇ ਹੋਏ ਸੰਪਰਕ ਕੀਤਾ ਹੋਵੇ।

    **ਜੇ ਇਹਨਾਂ ਵਿਚੋਂ ਕੋਈ ਵੀ ਸ਼ਰਤ ਤੁਸੀਂ ਪੂਰੀ ਨਹੀਂ ਕਰਦੇ ਤਾਂ ਤੁਸੀਂ ਸਕੂਲ ਵਿੱਚ ਨਾ ਆਓ। ਤੁਹਾਨੂੰ ਸਰਕਾਰੀ ਸਿਹਤ ਅਧਿਕਾਰੀਆਂ ਦੀਆਂ ਸਿਫਾਰਸ਼ਾਂ ਦੀ ਪਾਲਣਾ ਕਰਨੀ ਚਾਹੀਦੀ ਹੈ।**

    ਤੁਹਾਨੂੰ ਆਪਣੇ ਨਿਜੀ ਸਵੈ-ਮੁਲਾਂਕਣ ਦੇ ਉੱਪਰ ਵੀ ਵਿਚਾਰ ਕਰਨਾ ਚਾਹੀਦਾ ਹੈ:
    a. ਕੀ ਤੁਹਾਡੀ ਉਮਰ ੭੦ ਸਾਲ ਤੋਂ ਵੱਧ ਹੈ?
    b. ਕੀ ਤੁਹਾਡੇ ਵਿੱਚ ਰੋਗ ਪ੍ਰਤਿਰੋਧਕ ਸ਼ਕਤੀ ਦੀ ਘਾਟ ਹੈ ਜਾਂ ਕੀ ਤੁਹਾਡੇ ਵਿੱਚ ਸਿਹਤ ਦੀਆਂ ਕੋਈ ਅੰਦਰੂਨੀ ਤਕਲੀਫ਼ਾਂ ਹਨ?
    c. ਕੀ ਤੁਸੀਂ ਬਜ਼ੁਰਗ ਜਾਂ ਰੋਗ ਪ੍ਰਤਿਰੋਧਕ ਸ਼ਕਤੀ ਦੀ ਘਾਟ ਵਾਲੇ ਲੋਕਾਂ ਦੀ ਦੇਖਭਾਲ ਲਈ ਜ਼ਿੰਮੇਵਾਰ ਹੋ?

    **ਜੇ ਤੁਸੀਂ ਸਕੂਲ ਵਿੱਚ ਆਉਣ ਵਿੱਚ ਅਸਮਰਥ ਹੋ ਤਾਂ ਕਿਰਪਾ ਕਰਕੇ ਦੂਜੇ ਪ੍ਰਬੰਧ ਕਰਨ ਲਈ ਪ੍ਰਿੰਸੀਪਲ ਨਾਲ ਸੰਪਰਕ ਕਰੋ।**

2. ਮਾਤਾ/ ਪਿਤਾ/ ਨਿਗਰਾਨ ਵਿਚੋਂ ਸਿਰਫ ਇੱਕ ਵਿਅਕਤੀ ਨੂੰ ਨਿਸ਼ਚਿਤ ਸਮਾਂ-ਸੀਮਾ ਦੇ ਅੰਦਰ ਅਤੇ ਨਿਸ਼ਚਿਤ ਅਰਸੇ ਦੇ ਲਈ ਸਕੂਲ ਵਿੱਚ ਆਉਣ ਦੀ ਇਜਾਜ਼ਤ ਹੈ। **ਇਸ ਸਮੇਂ ਬੱਚਿਆਂ ਨੂੰ ਸਕੂਲ ਆਉਣ ਦੀ ਇਜਾਜ਼ਤ ਨਹੀਂ ਹੈ।**

3. ਸਕੂਲ ਦੀਆਂ ਚੀਜ਼ਾਂ ਵਾਪਸ ਕਰਦੇ ਸਮੇਂ ਉਹਨਾਂ ਨੂੰ ਇਸ ਕੰਮ ਲਈ ਮਨੋਨੀਤ ਮੇਜ਼ 'ਤੇ ਜਾਂ ਡੱਬੇ ਵਿੱਚ ਰੱਖ ਦਿਓ। ਦੂਜੀਆਂ ਚੀਜ਼ਾਂ ਨੂੰ ਹੱਥ ਨਾ ਲਾਓ। ਜੇ ਤੁਸੀਂ ਅਗਲੇ ਸਾਲ ਹਾਲਟਨ ਡਿਸਟ੍ਰਿਕਟ ਸਕੂਲ ਬੋਰਡ ਵਿੱਚ ਵਾਪਸ ਨਹੀਂ ਆ ਰਹੇ ਹੋ ਤਾਂ ਸਕੂਲ ਬੋਰਡ ਦਾ ਸਾਜ਼-ਸਾਮਾਨ, ਜੇ ਅਜਿਹਾ ਲਾਗੂ ਹੁੰਦਾ ਹੈ, ਵਾਪਸ ਕਰਨਾ ਜ਼ਰੂਰੀ ਹੈ।

4. ਕਿੰਡਰਗਾਰਟਨ – ਗਰੇਡ ੬ ਲਈ: ਵਿਦਿਆਰਥੀਆਂ ਦੀਆਂ ਸਾਰੀਆਂ ਚੀਜ਼ਾਂ ਨੂੰ ਵਿਦਿਆਰਥੀ ਦੇ ਨਾਂ ਵਾਲੇ ਇੱਕ ਥੈਲੇ ਵਿੱਚ ਪਾ ਕੇ ਇਕੱਠਾ ਕੀਤਾ ਜਾਵੇਗਾ ਜੋ ਕਲਾਸਰੂਮ ਦੇ ਇੱਕ ਡੈਸਕ 'ਤੇ ਮੌਜੂਦ ਹੋਵੇਗਾ। **ਆਪਣੇ ਬੱਚੇ(ਬੱਚਿਆਂ) ਦੇ ਹੋਮਰੂਮ ਕਲਾਸ ਦੇ ਕਮਰਿਆਂ ਦੇ ਨੰਬਰ ਲਿਆਉਣਾ ਯਾਦ ਰੱਖੋ। ਅਤੇ ਟੀਚਰਾਂ ਦੇ ਨਾਂ ਵੀ। **

5. ਗਰੇਡ ੭ ਅਤੇ ੮ ਲਈ:
    - ਸਕੂਲ ਦੀਆਂ ਚੀਜ਼ਾਂ ਛੱਡ ਕੇ, ਲੌਕਰ ਵਿਚੋਂ ਬਾਕੀ ਦੀਆਂ ਚੀਜ਼ਾਂ ਲਿਜਾਣ ਲਈ ਕਿਰਪਾ ਕਰਕੇ ਆਪਣੇ ਨਾਲ ਘਰੋਂ ਇੱਕ ਥੈਲਾ ਲੈ ਕੇ ਆਓ।
    - ਸਕੂਲ ਦੀ ਪ੍ਰਾਪਰਟੀ ਨੂੰ ਲੌਕਰ ਵਿੱਚ ਹੀ ਛੱਡ ਦਿੱਤਾ ਜਾਏ। ਕੋਈ ਕੂੜੇਦਾਨ ਉਪਲਬਧ ਨਹੀਂ ਹੋਣਗੇ; ਕਿਰਪਾ ਕਰਕੇ ਲੌਕਰ ਦੀਆਂ ਚੀਜ਼ਾਂ ਘਰ ਲਿਜਾ ਕੇ ਉਹਨਾਂ ਦਾ ਨਿਪਟਾਰਾ ਕਰੋ।

- ਆਪਣੇ ਬੱਚੇ ਦਾ ਲੌਕਰ ਨੰਬਰ ਅਤੇ ਤਾਲੇ ਦਾ ਕੰਬੀਨੇਸ਼ਨ ਆਪਣੇ ਨਾਲ ਲਿਆਉਣਾ ਯਾਦ ਰੱਖੋ। ਆਉਣ ਵਾਲੇ ਦਿਨ ਤਾਲਾ ਤੋੜਨ ਵਾਲਾ ਸਟਾਫ ਉਪਲਬਧ ਨਹੀਂ ਹੋਵੇਗਾ।
- ਹੋਮਰੂਮ ਕਲਾਸਰੂਮ ਜਾ ਕੇ ਵਿਦਿਆਰਥੀ ਦੇ ਨਾਂ ਦੇ ਲੇਬਲ ਵਾਲਾ ਥੈਲਾ ਲਓ ਜਿਸ ਵਿੱਚ ਕਲਾਸਰੂਮ ਵਿੱਚ ਛੱਡੀਆਂ ਗਈਆਂ ਨਿੱਜੀ ਚੀਜ਼ਾਂ ਅਤੇ ਵਰ੍ਹੇ-ਅੰਤ ਦੀ ਸਮੱਗਰੀ, ਜੇ ਕੋਈ ਹੈ, ਸ਼ਾਮਲ ਹਨ।

6. ਕਿਰਪਾ ਕਰਕੇ ਪਹੁੰਚਣ / ਦਾਖਲੇ ਤੋਂ ਪਹਿਲਾਂ ਆਪਣੇ ਹੱਥ ਸੈਨੀਟਾਈਜ਼ ਕਰੋ।

7. ਜਦ ਤੁਸੀਂ ਪਹੁੰਚੋ ਤਾਂ ਆਪਣੀ ਗੱਡੀ ਨੂੰ ਦੂਜੀਆਂ ਗੱਡੀਆਂ ਤੋਂ ਘੱਟੋ-ਘੱਟ ੨ ਮੀਟਰ ਦੀ ਦੂਰੀ ਤੇ ਖੜੀ ਕਰੋ।

8. ਸਿਰਫ ਨਿਰਧਾਰਤ ਦਾਖਲਾ ਦੁਆਰ ਤੋਂ ਸਕੂਲ ਦੇ ਅੰਦਰ ਅਤੇ ਬਾਹਰ ਜਾਓ ਅਤੇ ਦੂਜਿਆਂ ਤੋਂ ਲਗਭਗ ੨ ਮੀਟਰ ਦੀ ਦੂਰੀ ਬਣਾ ਕੇ ਰੱਖੋ। ਪ੍ਰਿੰਸੀਪਲ ਜਾਂ ਉਹਨਾਂ ਦਾ ਪ੍ਰਤੀਨਿਧ ਤੁਹਾਨੂੰ ਅੰਦਰ ਲਿਆਉਣਗੇ ਅਤੇ ਬਾਰਰ ਲਿਜਾਣਗੇ।

9. ਸਕੂਲ ਵਿੱਚ ਮੌਜੂਦਗੀ ਦੌਰਾਨ:
    - ਜਿਥੋਂ ਤਕ ਹੋ ਸਕੇ ਇਮਾਰਤ ਦੀਆਂ ਜੜੀਆਂ ਵਸਤਾਂ (ਦਰਵਾਜ਼ਿਆਂ ਦੇ ਹੈਂਡਲ, ਆਦਿ) ਨੂੰ ਹੱਥ ਲਾਉਣ ਤੋਂ ਪਰਹੇਜ਼ ਕਰੋ।
    - ਖੰਘ / ਨਿੱਛ ਆਪਣੀ ਕੂਹਣੀ ਵਿੱਚ ਮਾਰੋ ਅਤੇ ਆਪਣੇ ਚਿਹਰੇ ਨੂੰ ਹੱਥ ਲਾਉਣ ਤੋਂ ਪਰਹੇਜ਼ ਕਰੋ।
    - ਦੂਜਿਆਂ ਨਾਲ ਗੱਲਬਾਤ ਕਰਨ ਤੋਂ ਗੁਰੇਜ਼ ਕਰੋ ਅਤੇ ਸਕੂਲ /ਪ੍ਰਾਪਰਟੀ ਦੇ ਕਿਸੇ ਇਲਾਕੇ ਵਿੱਚ ਇਕੱਠੇ ਨਾ ਹੋਵੋ।
    - ਸਾਰਾ ਸਮਾਂ ਦੂਜਿਆਂ ਤੋਂ ੨ ਮੀਟਰ ਦੀ ਭੌਤਿਕ ਦੂਰੀ ਬਣਾ ਕੇ ਰੱਖਣਾ ਯਕੀਨੀ ਬਣਾਓ।
    - ਆਪਣੇ ਬੱਚਿਆਂ ਦੇ ਬੈਗ /ਚੀਜ਼ਾਂ ਛੇਤੀ ਤੋਂ ਛੇਤੀ ਇਕੱਠੇ ਕਰੋ।
    - ਦੂਜੇ ਵਿਦਿਆਰਥੀਆਂ ਦੇ ਬੈਗਾਂ ਅਤੇ ਚੀਜ਼ਾਂ ਨੂੰ ਹੱਥ ਨਾ ਲਾਓ।
    - ਆਪਣੇ ਨਿਰਧਾਰਤ ਸਮੇਂ ਤੋਂ ਬਾਅਦ ਇਥੇ ਨਾ ਰੁਕੋ ਕਿਉਂਕਿ ਇਸ ਨਾਲ ਅਗਲੇ ਨਿਰਧਾਰਤ ਮਾਤਾ/ ਪਿਤਾ/ ਨਿਗਰਾਨ ਦੇ ਦਾਖਲੇ ਵਿੱਚ ਦੇਰੀ ਹੋਵੇਗੀ।

10. ਸਕੂਲ ਤੋਂ ਬਾਹਰ ਉਸੇ ਦਰਵਾਜ਼ੇ ਤੋਂ ਜਾਓ ਜਿਸ ਤੋਂ ਤੁਸੀਂ ਅੰਦਰ ਆਏ ਸੀ, ਤਾਂ ਜੋ ਤੁਹਾਨੂੰ ਛੇਤੀ ਨਾਲ ਲੌਗ ਆਉਟ ਕੀਤਾ ਜਾ ਸਕੇ।